ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

ਬੱਚਿਆਂ ਦੀ ਸੁਰੱਖਿਆ 'ਚ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ-ਸੀ.ਜੇ.ਐਮ.

ਬੱਚਿਆਂ ਦੇ ਅਧਿਕਾਰਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਹਿੱਤ ਕਰਵਾਇਆ ਗਿਆ ਸੈਮੀਨਾਰ

ਬਾਲ ਸੁਰੱਖਿਆ ਸਮਿਤੀ ਦੇ ਮੈਂਬਰਾਂ ਵੱਲੋਂ ਕੀਤੇ ਕੰਮਾਂ ਬਾਰੇ ਕੀਤੀ ਵਿਚਾਰ ਚਰਚਾ

ਬੱਚਿਆਂ ਨੂੰ ਦਿੱਤਾ ਜਾਵੇ ਮਿਤਤਰਤਾਪੂਰਵਕ ਮਾਹੌਲ

ਫਾਜ਼ਿਲਕਾ 01 ਨਵੰਬਰ

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸਾਰਡ ਅਤੇ ਸੇਵ ਦਾ ਚਿਲਡਰਨ ਸੰਸਥਾ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਅਤੇ ਹਰਿਆਣਾ ਦੇ ਕਪਾਹ ਵਾਲੇ ਖੇਤਰਾਂ 'ਚ ਬਾਲ ਅਧਿਕਾਰਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਹਿਤ ਸਥਾਨਕ ਹੋਮ ਸਟੈਡ ਵਿਖੇ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪਿੰਡਾਂ ਵਿਚ ਬਣੀ ਬਾਲ ਸੁਰੱਖਿਆ ਸਮਿਤੀ ਦੇ ਮੈਬਰਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਸਾਂਝਾ ਕੀਤਾ ਗਿਆ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੀ.ਜੇ.ਐਮ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਕੇ.ਕੇ.ਬਾਂਸਲ ਨੇ ਬੱਚਿਆਂ ਦੇ ਅਧਿਕਾਰਾਂ ਅਤੇ ਸੁਰੱਖਿਆ ਪ੍ਰਤੀ ਜਾਗਰੂਕ ਕਰਦੇ ਹੋਏ ਕਿਹਾ ਕਿ ਬੱਚਿਆਂ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਬਾਲ ਸੁਰੱਖਿਆ ਸਮਿਤੀ ਦੇ ਮੈਂਬਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਪਿੰਡ ਪੱਧਰ ਤੇ ਬੱਚਿਆਂ ਦੀ ਸੁਰੱਖਿਆ ਪ੍ਰਤੀ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਫਤਰ ਨਾਲ ਸਾਂਝਾ ਕਰ ਸਕਦੇ ਹਨ।

ਇਸ ਦੌਰਾਨ ਸਾਰਡ ਸੰਸਥਾ ਦੇ ਪ੍ਰੋਜੈਕਟ ਮੈਨੇਜਰ ਸ੍ਰੀ ਯਾਦਵਿੰਦਰ ਸਿੰਘ ਅਤੇ ਸੇਵ ਦਾ ਚਿਲਡਰਨ ਸੰਸਥਾ ਦੇ ਜ਼ਿਲ੍ਹਾ ਅਫਸਰ ਮੈਡਮ ਦੇਵਸ਼ੀ ਸਿੰਘ ਨੇ ਕਿਹਾ ਕਿ ਸਾਡੀ ਸੰਸਥਾ ਪਿਛਲੇ ਤਿੰਨ ਸਾਲਾਂ ਤੋਂ ਬਾਲ ਸੁਰੱਖਿਆ ਸਮਿਤੀ ਨੂੰ ਵੱਖ-ਵੱਖ ਕਾਨੂੰਨਾਂ ਬਾਰੇ ਜਾਣਕਾਰੀ ਦੇ ਰਹੀ ਹੈ ਤਾਂ ਜੋ ਬੱਚਿਆਂ ਦੇ ਅਧਿਕਾਰਾਂ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤੇ ਬੱਚਿਆਂ ਨੂੰ ਮਿਤਤਰਤਾਪੂਰਵਕ ਮਾਹੌਲ ਦਿੱਤਾ ਜਾ ਸਕੇ।

ਇਸ ਦੌਰਾਨ ਵੱਖ-ਵੱਖ ਪਿੰਡਾਂ ਦੇ ਸੀ.ਪੀ.ਸੀ ਮੈਂਬਰਾਂ ਨੇ ਆਪਣੇ ਕੰਮ ਨੂੰ ਬਲਾਕ ਪੱਧਰ ਦੇ ਅਫਸਰਾਂ ਨਾਲ ਸਾਂਝਾ ਕੀਤਾ। ਜਿਸ ਵਿੱਚ ਖੂਈਆਂ ਸਰਵਰ ਬਲਾਕ ਦੇ 69 ਪਿੰਡਾਂ ਦੇ ਬਾਲ ਸੁਰੱਖਿਆ ਸਮਿਤੀ ਦੇ ਮੈਂਬਰਾ ਨੇ ਹਿੱਸਾ ਲਿਆ। ਇਸ ਉਪਰੰਤ ਜ਼ਿਨ੍ਹਾਂ ਪਿੰਡ ਵਾਸੀਆਂ ਨੇ ਬਾਲ ਵਿਵਾਹ ਮੁਕਤ ਤੇ ਬਾਲ ਮਜ਼ਦੂਰੀ ਮੁਕਤ ਦੇ ਬੋਰਡ ਲਗਾਵਾਏ ਸਨ ਉਨ੍ਹਾਂ ਨੂੰ ਸੀ.ਜੇ.ਐਮ ਅਤੇ ਜ਼ਿਲ੍ਹਾ

ਬਾਲ ਸੁਰੱਖਿਆ ਅਫਸਰ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਵੱਖ-ਵੱਖ ਪਿੰਡਾਂ ਦੇ ਬਾਲ ਮੰਡਲ ਦੇ ਬੱਚਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ।

ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ੍ਰੀਮਤੀ ਰੀਤੂ ਬਾਲਾ, ਖੂਈਆਂ ਸਰਵਰ ਬਲਾਕ ਸਮਿਤੀ ਦੀ ਚੇਅਰਮੈਨ ਸ੍ਰੀਮਤੀ ਸਲੋਚਨਾ, ਸਾਰਡ ਸੰਸਥਾ ਦੇ ਕਲਸਟਰ ਕੋਆਰਡੀਨੇਟਰ ਸੁਰਿੰਦਰ ਮਾਹਰ ਤੋਂ ਇਲਾਵਾ, ਸੀ.ਡੀ.ਪੀ.ਓਜ਼, ਪੰਚਾਇਤ ਅਫਸਰ, ਡੀ.ਟੀ.ਓ ਦਫਤਰ ਦੇ ਨੁਮਾਇੰਦੇ, ਅਤੇ ਹੋਰ ਵੱਖ-ਵੱਖ ਪਤਵੰਤੇ ਮੌਜੂਦ ਸਨ।